# ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ।

ਦਫ਼ਤਰੀ ਹੁਕਮ ਨੰਬਰ 04 /ਐਮ.ਐਮਟੀਐਸ.ਪਟਿ. ਮਿਤੀ: 10 /6/2011

ਜਿਵੇਂ ਕਿ ਸ੍ਰੀ ਅਨਿਲ ਕੁਮਾਰ, ਹੇਠਲੀ ਸ਼੍ਰੇਣੀ ਕਲਰਕ ਪੁੱਤਰ ਸ੍ਰੀ ਕ੍ਰਿਸ਼ਨ ਗੋਪਾਲ, ਜਨਮ ਮਿਤੀ 16-07-1970 ਜਦੋ ਸਹਾਇਕ ਇੰਜੀ. ਸੰਚਾਲਣ ਉਪ ਮੰਡਲ, ਡਗਰੂ ਅਧੀਨ ਸੀ. ਕਾਰਜ਼ਕਾਰੀ ਇੰਜੀਨੀਅਰ, ਸ਼ਹਿਰੀ ਮੰਡਲ, ਮੋਗਾ / ਵੰਡ ਹਲਕਾ ਫਰੀਦਕੋਟ ਵਿਖੇ ਤੈਨਾਤ ਸੀ ਤਾਂ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਉਸਨੂੰ ਪਿੰਡ ਕੋਰੋਵਾਲਾ ਖੁਰਦ, ਜ਼ਿਲ੍ਹਾ ਮੋਗਾ ਦੇ ਖਪਤਕਾਰ ਸ੍ਰੀ ਲਖਵੀਰ ਸਿੰਘ ਪੁੱਤਰ ਸ੍ਰੀ ਕੀਰਤਨ ਸਿੰਘ, ਜੱਟ ਕੋਲੋਂ ਰੁਪੈ 2500/- ( ਰੁਪੈ ਪੱਚੀ ਸੋ ਕੇਵਲ) ਰਿਸ਼ਵਤ ਲੈਂਦੇ ਹੋਏ ਮਿਤੀ 05-06-07 ਨੂੰ ਗ੍ਰਿਫਤਾਰ ਕੀਤਾ ਸੀ ।

ਜਿਵੇਂ ਕਿ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਕਰਮਚਾਰੀ ( ਸ੍ਰੀ ਅਨਿਲ ਕੁਮਾਰ) ਵਿਰੁੱਧ ਥਾਣਾ ਵਿਜੀਲੈਂਸ ਬਿਊਰੋ ਫਿਰੋਜ਼ਪੁਰ ਵਿਖੇ **Prevention of corruption Act 1988** ਦੀ ਧਾਰਾ 7 ਅਤੇ 13(2) ਅਧੀਨ ਮੁਕਦਮਾ ਨੰਬਰ 15 ਮਿਤੀ 5-6-07 ਦਰਜ ਕੀਤਾ ਗਿਆ ਸੀ ।

ਜਿਵੇਂ ਕਿ ਕਰਮਚਾਰੀ (ਸ੍ਰੀ ਅਨਿਲ ਕੁਮਾਰ) ਨੂੰ ਪੁਲਿਸ ਹਿਰਾਸਤ ਵਿਚ ਰਹਿਣ ਕਰਕੇ ਸੀਨੀਅਰ ਕਾਰਜ਼ਕਾਰੀ ਇੰਜੀਨੀਅਰ, ਸ਼ਹਿਰੀ ਮੰਡਲ, ਮੋਗਾ ਵੱਲੋਂ ਆਪਣੇ ਦਫ਼ਤਰੀ ਹੁਕਮ ਨੰਬਰ 394 ਮਿਤੀ 5-7-07 ਰਾਹੀਂ ਡਿਊਟੀ ਤੋਂ ਮੁਅੱਤਲ ਕੀਤਾ ਗਿਆ ਸੀ ।

ਜਿਵੇਂ ਕਿ ਕਰਮਚਾਰੀ ( ਸ੍ਰੀ ਅਨਿਲ ਕੁਮਾਰ) ਨੂੰ ਨਿਗਰਾਨ ਇੰਜੀਨੀਅਰ/ਵੰਡ ਹਲਕਾ, ਫਰੀਦਕੋਟ ਵੱਲੋਂ ਉਨ੍ਹਾਂ ਦੇ ਦਫ਼ਤਰੀ ਹੁਕਮ ਨੰਬਰ 221 ਮਿਤੀ 19-7-07 ਰਾਹੀਂ ਸੀ. ਕਾਰਜ਼ਕਾਰੀ ਇੰਜੀਨੀਅਰ/ਵੰਡ ਸ਼ਹਿਰੀ ਮੰਡਲ, ਮੋਗਾ ਵੱਲੋਂ ਪੱਤਰ ਨੰਬਰ 8496 ਮਿਤੀ 16-7-07 ਨਾਲ ਲੰਬਿਤ ਇੰਕੁਆਇਰੀ ਵਿਰੁੱਧ ਬਹਾਲ ਕਰਨ ਬਾਰੇ ਭੇਜੀ ਗਈ ਸਿਫਾਰਿਸ਼ ਦੇ ਆਧਾਰ ਤੇ ਸ੍ਰੀ ਅਨਿਲ ਕੁਮਾਰ, ਐਲ.ਡੀ.ਸੀ. ਨੂੰ ਪੈਂਡਿੰਗ ਇਨਕੁਆਇਰੀ ਤੇ ਬਹਾਲ ਕਰਕੇ ਵੰਡ ਮੰਡਲ, ਸੰਚਾਲਣ ਮੋਗਾ ਦੀ ਡਿਸਪੋਜ਼ਲ ਤੇ ਤੈਨਾਤ ਕੀਤਾ ਗਿਆ ਸੀ ।

ਜਿਵੇਂ ਕਿ ਪੰਜਾਬ ਵਿਜੀਲੈਂਸ ਬਿਓਰੋ ਵੱਲੋਂ ਕਰਮਚਾਰੀ ( ਸ੍ਰੀ ਅਨਿਲ ਕੁਮਾਰ) ਵਿਰੁੱਧ ਅਦਾਲਤ ਵਿੱਚ ਮੁਕਦਮਾ ਚਲਾਉਣ ਲਈ ਦਫ਼ਤਰ ਉਪ ਮੁੱਖ ਇੰਜੀਨੀਅਰ/ਵੰਡ ਹਲਕਾ, ਫਰੀਦਕੋਟ ਨੇ ਪੱਤਰ ਨੰਬਰ 16480/ਈਪੀਸੀ-2115 ਮਿਤੀ 17-10-07 ਰਾਹੀਂ ਸਮਾਇਤ ਮੰਨਜ਼ੂਰੀ ਦਿੱਤੀ ਗਈ ਸੀ ।

ਜਿਵੇਂ ਕਿ ਕਰਮਚਾਰੀ (ਸ੍ਰੀ ਅਨਿਲ ਕੁਮਾਰ) ਵਿਰੁੱਧ ਸ੍ਰਟੇਟ ਬਨਾਮ ਅਨਿਲ ਕੁਮਾਰ, ਹੇ:ਸ੍ਰੇ:ਕ: ਮਾਨਯੋਗ ਸਪੈਸ਼ਲ ਜੱਜ, ਮੋਗਾ ਦੀ ਅਦਾਲਤ ਵਿਚ ਮੁਕਦਮਾ ਚਲਾਇਆ ਗਿਆ ਅਤੇ ਮਿਤੀ 23-12-2010 ਨੂੰ ਆਪਣਾ ਫੈਸਲਾ ਹੇਠ ਲਿਖੇ ਅਨੁਸਾਰ ਸੁਣਾਇਆ :-

ਉਪ ਮੁੱਖ ਇੰਜ:/ਈ.ਟੇ. ਅਤੇ ਐਮ.ਐਮ.ਟੀ.ਐਸ.,
ਪੀ: ਐਸ: ਪੀ: ਸੀ: ਐਲ:, ਪਟਿਆਲਾ ।

| ਲੜੀ ਨੰਬਰ | ਦੋਸ਼ੀ ਦਾ ਨਾਂ | ਅੰਡਰ ਸੈਕਸ਼ਨ | ਦਿੱਤੀ ਗਈ ਸਜ਼ਾ |
|---|---|---|---|
| 1. | ਸ਼੍ਰੀ ਅਨਿਲ ਕੁਮਾਰ ਪੁੱਤਰ ਸ਼੍ਰੀ ਕ੍ਰਿਸ਼ਨ ਗੋਪਾਲ, ਹੇ:ਸ਼੍ਰੇ:ਕ: | U/S 13(2) of the Prevention of Corruption Act 1988 | To undergo rigorous imprisonment for a period of two years and to pay a fine of Rs. 3000/- and in default of payment of fine to further undergo rigorous imprisonment for a period of two months. |
| | | U/S 7 of the prevention of Corruption Act 1988 | To undergo rigorous imprisonment for a period of one year and six months and to pay a fine of Rs. 2000/- and in default of payment of fine to further undergo rigorous imprisonment for a period of one month. |

. Both the sentences are ordered to run concurrently. The period already undergone by the accused while in police custody, judicial custody and during trial shall be set off and adjusted towards the substantive sentence as required under Section 428 Cr.PC. Let the accused be sent to jail for undergoing the period of sentence imposed upon by this Court."

ਸਕੱਤਰ/ਲੀਗਲ ਭਾਗ, ਪਟਿਆਲਾ ਵੱਲੋਂ ਪੱਤਰ ਨੰਬਰ 66746/ਐਲ.ਬੀ.3(24)125ੇ11) ਮਿਤੀ 3-5-2011 ਰਾਹੀਂ ਅਜਿਹੇ ਕੇਸਾਂ ਵਿਚ ਮੀਮੋ ਨੰਬਰ 35573/36088/ਐਲ.ਬੀ.3(24)128/86 ਮਿਤੀ 10-3-1987, ਮੀਮੋ ਨੰਬਰ 101511/102161/ਐਲਬੀ-3(24)144/95 ਮਿਤੀ 7-8-95 ਅਤੇ ਮੀਮੋ ਨੰਬਰ 157556/157746/ਏਡੀਪੀ-110 ਮਿਤੀ 26-6-01 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਕਾਰਵਾਈ ਕਰਨ ਲਈ ਲਿਖਿਆ ਹੈ । ਪੰਜਾਬ ਸਰਕਾਰ ਦੇ ਪੱਤਰ ਨੰਬਰ 3/23/98-1ਪੀਪੀ11/10394 ਮਿਤੀ 3-8-98 (ਜਿਸਨੂੰ ਪੰਜਾਬ ਰਾਜ ਬਿਜਲੀ ਬੋਰਡ ਨੇ ਸਰਕੂਲਰ ਨੰਬਰ 14/2001 ਮੀਮੋ ਨੰਬਰ 157556/157746/ਏਡੀਪੀ-110 ਮਿਤੀ 26-6-01 ਰਾਹੀਂ ਅਪਣਾਇਆ) ਦੇ ਪੈਰਾ ਨੰਬਰ 10 ਵਿਚ ਹੇਠ ਲਿਖੇ ਅਨੁਸਾਰ ਹਦਾਇਤਾਂ ਦਰਜ ਹਨ:-

What is really relevant thus is the conduct of the Govt. employee which has led to his conviction on a criminal charge. Now, in this case (Sh. Anil Kumar, LDC) has been found guilty of corruption by a Criminal Court, until the said conviction is set aside by the appellate or other higher court, it may not be

ਉਪ ਮੁੱਖ ਇੰਜ:/ਈ.ਏ. ਅਤੇ ਐਮ.ਐਮ.ਟੀ.ਐਸ.,
ਪੀ: ਐਸ: ਪੀ: ਸੀ: ਐਲ:, ਪਟਿਆਲਾ ।

adviseable to retain such person in service. As stated above if he succeeds in appeal or other proceedings the matter can always be reviewed in such a manner that he suffers no prejudice.

ਜੋ ਮਾਨਯੋਗ ਸਪੈਸ਼ਲ ਜੱਜ, ਮੋਗਾ ਦੇ ਮਿਤੀ 23-12-2010 ਨੂੰ ਜਾਰੀ ਫੈਸਲੇ ਅਤੇ ਪੰ:ਰਾ:ਪਾ:ਕਾ:ਲਿ: ਦੀਆਂ ਹਦਾਇਤਾਂ ਅਤੇ ਉਸਦੇ ਆਚਰਣ ਨੂੰ ਮੁੱਖ ਰੱਖਦੇ ਹੋਏ ਕਰਮਚਾਰੀ ( ਸ੍ਰੀ ਅਨਿਲ ਕੁਮਾਰ, ਹੇ:ਸ੍ਰੇ:ਕ: ਪੁੱਤਰ ਸ੍ਰੀ ਕ੍ਰਿਸ਼ਨ ਗੋਪਾਲ) ਜੋ ਕਿ ਇਸ ਸਮੇਂ ਸੀਨੀਅਰ ਕਾਰਜ਼ਕਾਰੀ ਇੰਜੀਨੀਅਰ/ਈਏ ਤੇ ਐਮਐਮਟੀਐਸ, ਮੋਗਾ ਵਿਖੇ ਤੈਨਾਤ ਹੈ ਨੂੰ ਨਿਮਨ ਹਸਤਾਖਰ (ਸਮਰੱਥ ਅਧਿਕਾਰੀ) ਵੱਲੋਂ ਕਰਮਚਾਰੀ ਸਜ਼ਾ ਅਤੇ ਅਪੀਲ ਰੈਗੂਲੇਸ਼ਨ-1971 ਦੇ ਰੈਗੂਲੇਸ਼ਨ-5 (viii) (Removal from service which shall not be a disqualification for future employment under the Board/Corporation) read with ਰੈਗੂਲੇਸ਼ਨ - 14 (1)ਅਧੀਨ ਕਾਰਪੋਰੇਸ਼ਨ ਦੀਆਂ ਸੇਵਾਵਾਂ ਤੋਂ ਤੱਤਕਾਲ ਹਟਾਉਣ ਦਾ ਫੈਸਲਾ ਲਿਆ ਜਾਂਦਾ ਹੈ।

ਇਸ ਲਈ ਇਸ ਦਫ਼ਤਰੀ ਹੁਕਮ ਰਾਹੀਂ ਸ੍ਰੀ ਅਨਿਲ ਕੁਮਾਰ, ਹੇ:ਸ੍ਰੇ:ਕ: ਦੀਆਂ ਸੇਵਾਵਾਂ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਕਰਮਚਾਰੀਆਂ ਨੂੰ ਦੰਡ ਅਤੇ ਅਪੀਲ ਰੈਗੂਲੇਸ਼ਨ-1971 ਦੇ ਰੈਗੂਲੇਸ਼ਨ 14(1) ਅਧੀਨ ਤੱਤਕਾਲ ਖਤਮ ਕੀਤੀਆਂ ਜਾਂਦੀਆਂ ਹਨ ।

ਕਰਮਚਾਰੀ ਦੇ ਸੇਵਾ ਵੇਰਵੇ ਹੇਠ ਲਿਖੇ ਅਨੁਸਾਰ ਹਨ:-

| | | | |
|---|---|---|---|
| 1. | ਕਰਮਚਾਰੀ ਦਾ ਨਾਂ ਅਤੇ ਅਹੁੱਦਾ | : | ਸ੍ਰੀ ਅਨਿਲ ਕੁਮਾਰ, ਹੇ:ਸ੍ਰੇ:ਕ: |
| 2. | ਪਿਤਾ ਦਾ ਨਾਂ | : | ਸ੍ਰੀ ਕ੍ਰਿਸ਼ਨ ਗੋਪਾਲ |
| 3. | ਜਨਮ ਮਿਤੀ | : | 16-07-1970 |
| 4. | ਬੋਰਡ ਵਿਚ ਲੱਗਣ ਦੀ ਮਿਤੀ | : | 14-08-1997 |

ਉਪ ਮੁੱਖ ਇੰਜੀਨੀਅਰ/ਈਏ ਤੇ ਐਮਐਮਟੀਐਸ,
ਪੰ:ਰਾ:ਪਾ:ਕਾ:ਲਿ: ਪਟਿਆਲਾ ।
ਉਪ ਮੁੱਖ ਇੰਜ:/ਈ.ਏ. ਅਤੇ ਐਮ.ਐਮ.ਟੀ.ਐਸ.,
ਪੀ: ਐਸ: ਪੀ: ਸੀ: ਐਲ:, ਪਟਿਆਲਾ ।

ਪਿੱਠ ਅੰਕਣ ਨੰਬਰ2192-2847/ਐਮਐਮਟੀਐਸ.ਪਟਿ.10 ਮਿਤੀ: 10-6-2011

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗ੍ਰੇਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਮੁੱਖ ਪ੍ਰਬੰਧਕੀ, ਪੰ:ਰਾ:ਪਾ:ਕਾ:ਲਿ:, ਪਟਿਆਲਾ ।
2. ਸਾਰੇ ਇੰਜੀ. ਇੰਨ.ਚੀਫ਼/ਮੁੱਖ ਇੰਜੀ./ਜਨਰਲ ਮੈਨੇਜਰ, ਪੰ:ਰਾ:ਪਾ:ਕਾ:ਲਿ:

3. ਸਾਰੇ ਉਪ ਮੁੱਖ ਇੰਜੀ./ਨਿਗਰਾਨ ਇੰਜੀਨੀਅਰਜ, ਪੰ:ਰਾ:ਪਾ:ਕਾ:ਲਿ:

4. ਨਿਗਰਾਨ ਇੰਜੀਨੀਅਰ/ਪ੍ਰਸੋਨਲ, ਪੰ:ਰਾ:ਪਾ:ਕਾ:ਲਿ: (ਜ਼ੋਨਜ ਸੀ), ਪਟਿਆਲਾ ।

5. ਨਿਗਰਾਨ ਇੰਜੀਨੀਅਰ/ਪ੍ਰਸੋਨਲ (ਪੱਕਾ ਕਰਨ ਭਾਗ), ਪਟਿਆਲਾ ।

6. ਸਾਰੇ ਵਧੀਕ ਨਿਗਰਾਨ ਇੰਜੀ./ਸੀਨੀ. ਕਾ:ਕਾ:ਇੰਜ: ਅਧੀਨ ਪੰ:ਰਾ:ਪਾ:ਕਾ:ਲਿ: ।

7. ਸਾਰੇ ਉਪ ਸਕੱਤਰ/ਅਧੀਨ ਸਕੱਤਰ, ਪੰ:ਰਾ:ਪਾ:ਕਾ:ਲਿ ।

8. ਮੁੱਖ ਲੇਖਾ ਅਫ਼ਸਰ, ਪੰ:ਰਾ:ਪਾ:ਕਾ:ਲਿ: ਪਟਿਆਲਾ ।

9. ਮੁੱਖ ਲੇਖਾ ਅਫ਼ਸਰ / ਪੈਨਸ਼ਨ ਭਾਗ, ਪੰ:ਰਾ:ਪਾ:ਕਾ:ਲਿ: ਪਟਿਆਲਾ ।

10. ਮੁੱਖ ਲੇਖਾ ਅਫ਼ਸਰ / ਮੋਬਾਇਲ ਪੈਨਸ਼ਨ ਭਾਗ, ਪੰ:ਰਾ:ਪਾ:ਕਾ:ਲਿ: ਪਟਿਆਲਾ

11. ਮੁੱਖ ਲੇਖਾ ਅਫ਼ਸਰ / ਜੀ.ਪੀ. ਫੰਡ ਸ਼ਾਖਾ, ਪੰ:ਰਾ:ਪਾ:ਕਾ:ਲਿ: ਪਟਿਆਲਾ ।

12. ਚੀਫ਼ / ਪਬਲਿਕ ਰੀਲੇਸ਼ਨ ਤੇ ਭਲਾਈ, ਪੰ:ਰਾ:ਬਿ:ਬੋ: ਪਟਿਆਲਾ ।

13. ਸੀ. ਕਾਰਜ਼ਕਾਰੀ ਇੰਜੀ. ਸੰਚਾਲਣ ਸ਼ਹਿਰ ਮੰਡਲ, ਮੋਗਾ ।

14. ਸੀ. ਕਾਰਜ਼ਕਾਰੀ ਇੰਜੀਨੀਅਰ / ਈਏ ਤੇ ਐਮਐਮਟੀਐਸ, ਮੋਗਾ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਨੱਥੀ ਦ/ਹੁ: ਸਬੰਧਤ ਕਰਮਚਾਰੀ ਨੂੰ ਸੌਂਪ ਕੇ ਉਸਦੀ ਮਿਤੀ ਬੱਧ ਰਸੀਦ ਲੈ ਕੇ ਇਸ ਦਫ਼ਤਰ ਨੂੰ ਭੇਜੀ ਜਾਵੇ, ਜੇਕਰ ਕਿਸੇ ਕਾਰਨ ਇਹ ਦਫ਼ਤਰੀ ਹੁਕਮ ਸਬੰਧਤ ਕਰਮਚਾਰੀ ਨੂੰ ਨਾ ਸੌਂਪਿਆ ਜਾ ਸਕੇ ਤਾਂ ਆਪਦੇ ਦਫ਼ਤਰ ਦਾ ਵਿਸ਼ੇਸ਼ ਦੂਤ ਭੇਜਕੇ ਕਰਮਚਾਰੀ ਦੇ ਪੱਕੇ ਘਰ ਦੇ ਪੱਤੇ ਤੇ ਉਸਦੇ ਘਰ ਦੇ ਦਰਵਾਜੇ ਤੇ ਚਿਪਕਾਇਆ ਜਾਵੇ ਅਤੇ ਇਲਾਕੇ ਦੇ ਕਿਸੇ ਜੁਮੇਂਵਾਰ ਆਦਮੀ ਦੀ ਗਵਾਹੀ ਪਵਾਈ ਜਾਵੇ । ਇਸ ਦਫ਼ਤਰੀ ਹੁਕਮ ਦਾ ਇੰਦਰਾਜ ਕਰਮਚਾਰੀ ਦੀ ਸੇਵਾ ਪੱਤਰੀ ਵਿੱਚ ਕਰਕੇ ਪੰਨਾਂ ਨੰਬਰ ਦੱਸਿਆ ਜਾਵੇ ।

15. ਸ੍ਰੀ ਅਨਿਲ ਕੁਮਾਰ, ਹੇ:ਸ੍ਰੇ:ਕ: ਪੁੱਤਰ ਸ੍ਰੀ ਕ੍ਰਿਸ਼ਨ ਗੋਪਾਲ, ਮਕਾਨ ਨੰਬਰ 215, ਗਲੀ ਨੰਬਰ 03, ਨਿਊ ਟਾਊਨ, ਮੋਗਾ ।

ਨੱਥੀ/ਕ੍ਰਮ ਨੰਬਰ 14 ਲਈ

ਉਪ ਮੁੱਖ ਇੰਜੀਨੀਅਰ/ਈਏ ਤੇ ਐਮਐਮਟੀਐਸ,
ਪੰ:ਰਾ:ਪਾ:ਕਾ:ਲਿ: ਪਟਿਆਲਾ ।

ਉਪ ਮੁੱਖ ਇੰਜ:/ਈ.ਏ. ਅਤੇ ਐਮ.ਐਮ.ਟੀ.ਐਸ.,
ਪੀ: ਐਸ: ਪੀ: ਸੀ: ਐਲ:, ਪਟਿਆਲਾ ।